# ਵਿਦਿਆਰਥੀ ਮਰਦਮ ਸ਼ੁਮਾਰੀ - ਅਕਸਰ ਪੁੱਛੇ ਜਾਣ ਵਾਲੇ ਸਵਾਲ

## ਮਰਦਮ ਸ਼ੁਮਾਰੀ ਕੀ ਹੁੰਦੀ ਹੈ?

ਮਰਦਮ ਸ਼ੁਮਾਰੀ ਦਾ ਮਤਲਬ ਹੈ ਸਾਰੇ ਲੋਕਾਂ ਕੋਲੋਂ ਜਾਂ ਲੋਕਾਂ ਦੇ ਇੱਕ ਸਮੂਹ ਕੋਲੋਂ ਜਾਣਕਾਰੀ ਇਕੱਠੀ ਕਰਨਾ। ਮਰਦਮ ਸ਼ੁਮਾਰੀ ਵਾਲੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਪਰ ਇਹ ਗੁੰਮਨਾਮ ਨਹੀਂ ਹੁੰਦੀ। ਵਿਦਿਆਰਥੀਆਂ ਦੇ ਜਵਾਬਾਂ ਨੂੰ ਗੁਪਤ ਤੌਰ 'ਤੇ ਉਹਨਾਂ ਦੇ ਈਮੇਲ ਪਤੇ ਨਾਲ ਜੋੜ ਦਿੱਤਾ ਜਾਏਗਾ ਤਾਂ ਜੋ HDSB ਦਾ ਰਿਸਰਚ ਅਤੇ ਜਵਾਬਦੇਹੀ ਸਟਾਫ ਪਛਾਣ ਨਾਲ ਜੁੜੇ ਡੈਟਾ ਨੂੰ ਵਿਦਿਆਰਥੀਆਂ ਦੇ ਪ੍ਰਸ਼ਾਸਨਿਕ ਰਿਕਾਰਡ ਨਾਲ ਜੋੜ ਸਕੇ। ਜਵਾਬਾਂ ਦੀ ਰਿਪੋਰਟ ਵਿੱਚ ਕਿਸੇ ਵੀ ਵਿਦਿਆਰਥੀ ਜਾਂ ਵਿਦਿਆਰਥੀਆਂ ਦੇ ਛੋਟੇ ਸਮੂਹ (ਜਿਵੇਂ, ੧੫ ਨਾਲੋਂ ਘੱਟ) ਦੀ ਨਿਜੀ ਪਛਾਣ ਨਹੀਂ ਕੀਤੀ ਜਾਏਗੀ।

## ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੀ ਵਿਦਿਆਰਥੀ ਮਰਦਮ ਸ਼ੁਮਾਰੀ ਦਾ ਉਦੇਸ਼ ਕੀ ਹੈ?

*ਨਸਲਵਾਦ ਵਿਰੋਧੀ ਕਾਨੂੰਨ*, 2017, S.O. 2017, c. 15, ਅਤੇ *ਓਂਟਾਰੀਓ ਦੀ ਸਿੱਖਿਆ ਵਿੱਚ ਸਮਾਨਤਾ ਲਈ ਕਾਰਵਾਈ ਯੋਜਨਾ* ਓਂਟਾਰੀਓ ਦੇ ਸਾਰੇ ਸਕੂਲ ਬੋਰਡਾਂ ਤੋਂ ਇਹ ਮੰਗ ਕਰਦੇ ਹਨ ਕਿ ਉਹ ਪਛਾਣ-ਅਧਾਰਤ ਡੈਟਾ ਇਕੱਠਾ ਕਰਨ ਅਤੇ ਉਸਦੀ ਸੂਚਨਾ ਦੇਣ।

ਵਿਦਿਆਰਥੀ ਮਰਦਮ ਸ਼ੁਮਾਰੀ ਦੇ ਨਤੀਜੇ HDSB ਅਤੇ ਸਾਡੇ ਸਕੂਲਾਂ ਦੀ ਹੇਠਲੀਆਂ ਗੱਲਾਂ ਵਿੱਚ ਮਦਦ ਕਰਨਗੇ:

- ਵਿਦਿਆਰਥੀਆਂ ਦੀ ਕਾਮਯਾਬੀ ਅਤੇ ਖ਼ੈਰੀਅਤ ਵਿੱਚ ਮਦਦ ਕਰਨ ਲਈ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਸਮਝਣਾ।
- ਇੱਕ ਸਮਾਨ ਅਵਸਰ ਅਤੇ ਪਰਿਣਾਮ ਯਕੀਨੀ ਬਣਾਉਣ ਲਈ, ਵਿਤਕਰੇ ਵਾਲੇ ਅਮਲਾਂ, ਵਿਵਸਥਾਤਮਕ ਰੁਕਾਵਟਾਂ ਅਤੇ ਪੱਖਪਾਤ ਦੀ ਪਛਾਣ ਕਰਨਾ ਅਤੇ ਉਹਨਾਂ ਨੂੰ ਦੂਰ ਕਰਨਾ।
- ਸਭ ਤੋਂ ਵੱਧ ਲੋੜ ਵਾਲੇ ਵਿਦਿਆਰਥੀਆਂ ਅਤੇ ਪ੍ਰੋਗਰਾਮਾਂ ਦੀ ਸਹਾਇਤਾ ਲਈ ਵਸੀਲੇ ਮੁਹੱਈਆ ਕਰਨਾ।

## ਵਿਦਿਆਰਥੀ ਮਰਦਮ ਸ਼ੁਮਾਰੀ ਵਿੱਚ ਕਿਸ ਕਿਸਮ ਦੇ ਸਵਾਲ ਪੁੱਛੇ ਜਾਂਦੇ ਹਨ?

ਵਿਦਿਆਰਥੀ ਮਰਦਮ ਸ਼ੁਮਾਰੀ ਵਿੱਚ ਨਸਲਵਾਦ ਵਿਰੋਧੀ ਡੈਟਾ ਲਈ ਮਿਆਰਾਂ ਦੇ ਮੁਤਾਬਕ, ਪਰਿਵਾਰਕ ਵਿਸ਼ੇਸ਼ਤਾਵਾਂ, ਸਕੂਲ ਦੇ ਤਜਰਬਿਆਂ ਅਤੇ ਵਿਦਿਆਰਥੀ ਦੀ ਖ਼ੈਰੀਅਤ ਨਾਲ ਜੁੜੇ ਵਿਦਿਆਰਥੀ ਦੀ ਪਛਾਣ ਬਾਰੇ ੩੦ ਸਵਾਲ ਹੁੰਦੇ ਹਨ ਜਿਨ੍ਹਾਂ ਦੇ ਜਵਾਬ ਲਈ ਦਿੱਤੇ ਗਏ ਵਿਕਲਪਾਂ ਵਿਚੋਂ ਇੱਕ ਦੀ ਚੋਣ ਕਰਨੀ ਹੁੰਦੀ ਹੈ।

## ਕੀ ਮੇਰੇ ਬੱਚੇ ਨੰ ਮਰਦਮ ਸ਼ੁਮਾਰੀ ਦੇ ਹਰ ਸਵਾਲ ਦਾ ਜਵਾਬ ਦੇਣਾ ਜ਼ਰ ਰੀ ਹੈ?

ਵਿਦਿਆਰਥੀ ਮਰਦਮ ਸ਼ੁਮਾਰੀ ਵਿੱ ਚ ਭਾਗੀਦਾਰੀ ਪੂਰੀ ਤਰ੍ਹਾਂ ਤੁਹਾਡੀ ਇੱ ਛਾ 'ਤੇ
ਨਰਿਭਰ ਕਰਦੀ ਹੈ। ਜੇ ਵਿਦਿਆਰਥੀ ਜਾਂ ਮਾਪੇ/ਨਗਿਰਾਨ ਕਿਸੇ ਸਵਾਲ ਦਾ ਜਵਾਬ ਨਾ ਦੇਣਾ ਚਾਹੁਣ ਤਾਂ ਉਹ ਉਸ ਨੂੰ ਛੱ ਡ ਸਕਦੇ ਨਹ, ਜਾਂ, ਜੇ ਉਹ ਚਾਹੁਣ, ਉਹ ਇਸ ਵਿੱ ਚ ਹਿੱ ਸਾ ਲੈਣ ਤੋਂ ਵੀ ਇਨਕਾਰ ਕਰ ਸਕਦੇ ਨਹ। ਪਰ ਇਹ ਧਿਆਨ ਵਿੱ ਚ ਰੱ ਖਣਾ ਬਹੁਤ ਜ਼ਰੂਰੀ ਹੈ ਕਿ ਭਾਗੀਦਾਰੀ ਦੀ ਦਰ ਜਿੰਨੀ ਜ਼ਿਆਦਾ ਹੋਵੇਗੀ, ਸਕੂਲ ਦੇ ਸੁਧਾਰ ਅਤੇ ਪ੍ਰੋਗਰਾਮਾਂ ਦੀ ਯੋਜਨਾਬੰਦੀ ਲਈ ਮਿਲੀ ਜਾਣਕਾਰੀ ਓਨੀ ਹੀ ਜ਼ਿਆਦਾ ਭਰਪੂਰ ਅਤੇ ਭਰੋਸੇਮੰਦ ਹੋਵੇਗੀ।

## ਮੇਰੇ ਬੱਚੇ ਵੱਲੋਂ ਭਾਗੀਦਾਰੀ ਤੋਂ ਪਹਿਲਾਂ ਕੀ ਮੈਂ ਵਿਦਿਆਰਥੀ ਮਰਦਮ ਸ਼ੁਮਾਰੀ ਸਵਾਲਨਾਮੇ ਦੀ ਕਾਪੀ ਦੇਖ ਸਕਦਾ(ਦੀ) ਹਾਂ?

ਵਿਦਿਆਰਥੀ ਜਨਗਣਨਾ ਦੇ ਪ੍ਰਸ਼ਨ ਮਾਪਿਆਂ / ਸਰਪ੍ਰਸਤਾਂ ਲਈ ਜਨਵਰੀ 2021 ਵਿੱਚ ਵੇਖਣ ਲਈ ਉਪਲਬਧ ਹੋਣਗੇ ਅਤੇ HDSB Student Census website ਤੇ ਪਹੁੰਚਯੋਗ ਹੋਣਗੇ.

## ਮੇਰੇ ਬੱਚੇ ਦੇ ਜਵਾਬਾਂ ਨ ਗੁਪਤ ਕਿਵੇ ਰੱਖਿਆ ਜਾਏਗਾ?

ਇਕੱ ਠੇਕੀਤੇ ਗਏ ਸਾਰੇ ਜਵਾਬਾਂ ਨੂੰ ਇੱ ਕ ਸੁਰੱ ਖਿਅਤ, ਗੁਪਤ ਡੈਟਾਬੇਸ ਵਿੱ ਚ ਰੱ ਖਿਆ ਜਾਏਗਾ ਅਤੇ ਇਹ ਸਿਰਫ HDSB ਦੇ ਅਧਿਕਾਰ-ਪ੍ਰਾਪਤ ਖੋਜ ਅਤੇ ਜਵਾਬਦੇਹੀ ਸਟਾਫ ਨੂੰ ਉਪਲਬਧ ਹੋਵੇਗਾ ਜੋ ਇਸ ਦੀ ਵਰਤੋਂ HDSB ਦੇ ਵਿਦਿਆਰਥੀਆਂ ਵਿਚ ਮੌਜੂਦ ਰੁਝਾਨਾਂ ਦੀ ਪਛਾਣ ਕਰਦਾ ਹੈ ਅਤੇ ਉਨਹਾਂ ਦਾ ਸਾਰ ਕੱ ਢਦਾ ਹੈ। ਵਿਸ਼ਲੇਸ਼ਣ ਦੇ ਲਈ, ਵਿਦਿਆਰਥੀਆਂ ਦੇ ਵਿਅਕਤੀਗਤ ਜਵਾਬਾਂ ਨੂੰ ਇੱ ਕ ਸਮੂਹ ਵਿੱ ਚ ਇਕੱ ਠਾ ਕੀਤਾ ਜਾਏਗਾ ਤਾਂ ਜੋ ਕਿਸੇ ਵਿਦਿਆਰਥੀ ਦੀ ਵਿਅਕਤੀਗਤ ਜਾਣਕਾਰੀ ਦੀ ਪਛਾਣ ਨਾ ਕੀਤੀ ਜਾ ਸਕੇ।

## ਮਰਦਮ ਸ਼ੁਮਾਰੀ ਦੀ ਵਰਤੋਂ ਕਿਵੇ ਕੀਤੀ ਜਾਏਗੀ?

ਡੈਟਾ ਦਾ ਵਿਸ਼ਲੇਸ਼ਣ HDSB ਦੇ ਰਿਸਰਚ ਅਤੇ ਜਵਾਬਦੇਹੀ ਵਿਭਾਗ ਦੇ ਰਿਸਰਚ ਸਟਾਫ ਦੁਆਰਾ ਕੀਤਾ ਜਾਏਗਾ। ਇਸ ਜਾਣਕਾਰੀ ਦੀ ਵਰਤੋਂ ਰਿਪੋਰਟਾਂ ਦੀ ਇੱ ਕ ਲੜੀ ਤਿਆਰ ਕਨਰ ਲਈ ਕੀਤਾ ਜਾਏਗਾ ਤਾਂ ਜੋ ਬੋਰਡ ਅਤੇ ਸਕੂਲ ਦੇ ਪ੍ਰੋਗਰਾਮਾਂ ਅਤੇ ਪੜ੍ਹਾਈ ਦੇ ਬਾਰੇ ਫੈਸਲੇ ਲੈਣ ਵਾਲੇ ਲੋਕਾਂ ਦੀ ਮਦਦ ਲਈ ਜਾਣਕਾਰੀ ਮੁਹੱ ਈਆ ਕੀਤੀ ਜਾ ਸਕੇ। ਸੰਖੇਪ ਡੈਟਾ ਨੂੰ ਕਮਿਊਨਟਿੀ ਭਾਈਵਾਲਾਂ ਅਤੇ ਸਰਕਾਰੀ ਅਦਾਰਿਆਂ ਨਾਲ, ਉਨਹਾਂ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਕਮਿਊਨਟਿੀ ਦੀਆਂ ਲੋੜਾਂ ਨੂੰ ਬਿਹਤਰੀਨ ਤਰੀਕੇ ਨਾਲ ਪੂਰਾ ਕਨਰ ਲਈ, ਸਾਂਝਾ ਕੀਤਾ ਜਾ ਸਕਦਾ ਹੈ। ਡੈਟਾ ਰਿਪੋਰਟਾਂ ਜਾਂ ਵਿਸ਼ਲੇਸ਼ਣ ਵਿੱ ਚ ਕਿਸੇ ਵੀ ਵਿਦਿਆਰਥੀ ਦਾ ਇਕੱ ਲਾ ਵੇਰਵਾ ਨਹੀਂ ਦਿੱ ਤਾ ਜਾਏਗਾ।